BRAMPTON

Media Release

ਤੁਰੰਤ ਰਿਲੀਜ ਲਈ

# ਡਾਉਨਟਾਉਨ ਬ੍ਰੈਂਪਟਨ ਵਿੱਚ ਆਰ.ਆਈ.ਸੀ. ਸੈਂਟਰ ਦਾ ਪੁਨਰ ਸਥਾਪਨ ਸਿਟੀ ਦੇ ਵਿਕਾਸਸ਼ੀਲ ਇਨੋਵੇਸ਼ਨ ਡਿਸਟ੍ਰਿਕਟ ਵਿੱਚ ਵਾਧਾ ਕਰਦਾ ਹੈ

ਬ੍ਰੈਂਪਟਨ, ਓਨਟੈਰੀਓ (28 ਫਰਵਰੀ, 2020) – 5 ਫਰਵਰੀ ਨੂੰ, ਬ੍ਰੈਂਪਟਨ ਕਾਉਂਸਿਲ (Brampton Council) ਨੇ ਬ੍ਰੈਂਪਟਨ ਦੇ ਇਨੋਵੇਸ਼ਨ ਡਿਸਟ੍ਰਿਕਟ (Innovation District) ਵਿੱਚ ਰਿਸਰਚ ਇਨੋਵੇਸ਼ਨ ਕਮਰਸ਼ਿਅਲਾਈਜ਼ੇਸ਼ਨ (ਆਰ.ਆਈ.ਸੀ.) (Research Innovation Commercialization) (RIC) ਦੇ ਪੁਨਰ ਸਥਾਪਨ ਲਈ ਫੰਡਿੰਗ ਦੀ ਮਨਜ਼ੂਰੀ ਦਿੱਤੀ। ਸਿਟੀ ਨੇ ਆਰ.ਆਈ.ਸੀ. ਸੈਂਟਰ (RIC Centre) ਦੇ ਨਾਲ, ਡਾਉਨਟਾਉਨ ਬ੍ਰੈਂਪਟਨ ਵਿੱਚ ਇਸਦੇ ਪੁਨਰ ਸਥਾਪਨ ਦਾ ਸਮਰਥਨ ਕਰਨ ਲਈ ਤਿੰਨ ਸਾਲਾਂ ਤੱਕ ਹਰ ਸਾਲ $100,000 ਤੱਕ ਦੇ ਗ੍ਰਾਂਟ ਸਮਝੌਤੇ ਤੇ ਦਸਤਖ਼ਤ ਕੀਤੇ। ਆਰ.ਆਈ.ਸੀ. ਸੈਂਟਰ, ਇਸ ਸਾਲ ਅਪ੍ਰੈਲ ਵਿੱਚ 6 ਜੌਰਜ ਸਟ੍ਰੀਟ (6 George St.) ਵਿਖੇ ਆਪਣੀ ਨਵੀਂ ਡਾਉਨਟਾਉਨ ਥਾਂ ਵਿਖੇ ਸ਼ੁਰੂ ਹੋਵੇਗਾ।

ਬ੍ਰੈਂਪਟਨ ਇਨੋਵੇਸ਼ਨ ਕੋਰੀਡਰ (Innovation Corridor) ਦਾ ਮੁਕਾਬਲਾ ਕਰਨ ਲਈ, ਬ੍ਰੈਂਪਟਨ ਐਂਟਰਪ੍ਰੀਨੀਅਰਾਂ ਨੂੰ ਉਹਨਾਂ ਦੇ ਸਫ਼ਰ ਦੇ ਹਰੇਕ ਪੜਾਅ ਤੇ ਸਹਿਯੋਗ ਦੇਣ ਲਈ ਉਪਲਬਧ ਵਸੀਲਿਆਂ ਦੇ ਨਾਲ, ਇੱਕ ਠੋਸ ਇਨੋਵੇਸ਼ਨ ਡਿਸਟ੍ਰਿਕਟ ਦੇ ਸਮਰਥਨ ਵਿੱਚ ਜ਼ਰੂਰੀ ਸਹਿਯੋਗ ਦੇ ਰਿਹਾ ਹੈ।

ਆਰ.ਆਈ.ਸੀ. ਸੈਂਟਰ ਇੱਕ ਅਜਿਹਾ ਸੰਗਠਨ ਹੈ, ਜੋ ਐਂਟਰਪ੍ਰੀਨੀਅਰਾਂ ਨੂੰ ਆਪਣੇ ਕਾਰੋਬਾਰ ਨੂੰ ਅਗਲੇ ਪੱਧਰ ਤੱਕ ਲਿਜਾਣ ਵਿੱਚ ਮਦਦ ਕਰਦਾ ਹੈ। ਇਹ ਬ੍ਰੈਂਪਟਨ ਦੇ ਇਨੋਵੇਸ਼ਨ ਡਿਸਟ੍ਰਿਕਟ ਵਿੱਚ ਇੱਕ ਮਹੱਤਵਪੂਰਣ ਵਾਧਾ ਹੈ, ਜਿਸ ਵਿੱਚ ਸ਼ਾਮਲ ਹਨ:

- ਰੋਜਰਸ ਸਾਈਬਰਸਿਕਿਓਰ ਕੈਟਾਲਿਸਟ (Rogers Cybersecure Catalyst)
- ਬ੍ਰੈਂਪਟਨ ਐਂਟਰਪ੍ਰੀਨੀਅਰ ਸੈਂਟਰ (Brampton Entrepreneur Centre) (ਵਿਚਾਰ ਕਰਨ ਅਤੇ ਮਿਲ ਕੇ ਕੰਮ ਕਰਨ ਲਈ ਥਾਂ)
- ਰਾਇਰਸਨ-ਬ੍ਰੈਂਪਟਨ ਇਨੋਵੇਸ਼ਨ ਜ਼ੋਨ (Ryerson-Brampton Innovation Zone) (ਸਟਾਰਟ-ਅਪ ਇਨਕਿਉਬੇਟਰ)
- ਸੈਂਟਰ ਫਾਰ ਇਨੋਵੇਸ਼ਨ (Centre for Innovation)
- ਆਰ.ਆਈ.ਸੀ. ਸੈਂਟਰ (ਸਟਾਰਟ-ਅਪ ਇਨਕਿਉਬੇਟਰ)

ਆਰ.ਆਈ.ਸੀ. ਸੈਂਟਰ, ਕਲੀਨਟੈਕ (Cleantech), ਐਡਵਾਂਸਡ ਮੈਨਯੁਫੈਕਚਰਿੰਗ (Advanced Manufacturing), ਹਾਰਡਵੇਅਰ ਅਤੇ ਸੌਫਟਵੇਅਰ ਦੀਆਂ ਛੋਟੀਆਂ ਅਤੇ ਨਵੀਆਂ ਕੰਪਨੀਆਂ ਤੇ ਕੇਂਦਰਿਤ ਤਕਨੀਕੀ ਇਨਕਿਉਬੇਟਰ ਹੈ। ਇਹ ਬਿਜਨਸ ਸਟਾਰਟਅਪ ਸੇਵਾਵਾਂ ਅਤੇ ਐਂਟਰਪ੍ਰੀਨੀਅਰਾਂ, ਸਟਾਰਟਅਪਸ ਅਤੇ ਅਜਿਹੀਆਂ ਵਿਕਸਿਤ ਤਕਨੀਕੀ ਕੰਪਨੀਆਂ ਨੂੰ ਇਨਕਿਉਬੇਟਰ ਥਾਂ ਤੱਕ ਪਹੁੰਚ ਪ੍ਰਦਾਨ ਕਰਦਾ ਹੈ, ਜੋ ਆਪਣੇ ਵਾਧੇ ਵਿੱਚ ਤੇਜ਼ੀ ਲਿਆਉਣਾ ਅਤੇ ਆਪਣੇ ਕਾਰੋਬਾਰ ਨੂੰ ਤੇਜ਼ੀ ਨਾਲ ਮਾਰਕੀਟ ਵਿੱਚ ਲਿਜਾਣਾ ਚਾਹੁੰਦੇ ਹਨ। ਬ੍ਰੈਂਪਟਨ ਦੀ ਆਰਥਿਕ ਵਿਕਾਸ (Economic Development) ਟੀਮ ਨੇ ਕਈ ਸਾਲਾਂ ਤੱਕ ਆਰ.ਆਈ.ਸੀ. ਸੈਂਟਰ ਦੇ ਨਾਲ ਮਿਲ ਕੇ ਕੰਮ ਕੀਤਾ ਹੈ। ਉਹਨਾਂ ਨੇ ਅਜਿਹੀਆਂ ਪਹਿਲਕਦਮੀਆਂ ਵਿੱਚ ਸਹਿਯੋਗ ਕੀਤਾ ਹੈ, ਜੋ ਬ੍ਰੈਂਪਟਨ ਵਿੱਚ ਇਨੋਵੇਸ਼ਨ ਅਤੇ ਐਂਟਰਪ੍ਰੀਨੀਅਰ ਸਬੰਧੀ ਨੈੱਟਵਰਕਾਂ ਨੂੰ ਸਹਿਯੋਗ ਕਰਦੀਆਂ ਹਨ। ਪਿਛਲੇ ਚਾਰ ਸਾਲਾਂ ਵਿੱਚ, ਆਰ.ਆਈ.ਸੀ. ਸੈਂਟਰ ਨੇ 600 ਤੋਂ ਵੱਧ ਕਿਰਿਆਸ਼ੀਲ ਕਲਾਈਂਟਾਂ ਦੀ $110M ਫੰਡ ਇਕੱਤਰ ਕਰਨ ਅਤੇ $97M ਦੀ ਮਾਲੀ ਆਮਦਨ ਪੈਦਾ ਕਰਨ ਅਤੇ 1,642 ਨੌਕਰੀਆਂ ਪੈਦਾ ਕਰਨ ਵਿੱਚ ਮਦਦ ਕੀਤੀ ਹੈ।

ਬ੍ਰੈਂਪਟਨ ਦੇ ਇਨੋਵੇਸ਼ਨ ਡਿਸਟ੍ਰਿਕਟ ਵਿੱਚ ਆਰ.ਆਈ.ਸੀ. ਸੈਂਟਰ ਦਾ ਵਾਧਾ ਰਾਇਰਸਨ ਦਾ ਇਨੋਵੇਸ਼ਨ ਜ਼ੋਨ (Ryerson's Innovation Zone) ਅਤੇ ਡਾਉਨਟਾਉਨ ਬ੍ਰੈਂਪਟਨ ਦੇ ਇਨੋਵੇਸ਼ਨ ਡਿਸਟ੍ਰਿਕਟ ਵਿੱਚ ਸਥਿਤ ਕੈਨੇਡਾ ਦੇ ਪਹਿਲੇ ਸਾਇਬਰਸਿਕਿਓਰਿਟੀ ਐਕਸਲੇਰੇਟਰ (Cybersecurity Accelerator) ਦੀਆਂ ਘੋਸ਼ਣਾਵਾਂ ਦੇ ਤੁਰੰਤ ਬਾਅਦ ਹੋਇਆ ਹੈ।

ਇਸ ਬਸੰਤ ਵਿੱਚ ਖੁੱਲ੍ਹਣ ਵਾਲਾ ਬ੍ਰੈਂਪਟਨ ਦਾ ਕੈਟਾਲਿਸਟ ਸਾਇਬਰ ਐਕਸਲੇਰੇਟਰ (Catalyst Cyber Accelerator), ਕੈਨੇਡਾ ਦੇ ਸਾਇਬਰਸਿਕਿਓਰਿਟੀ ਈਕੋਸਿਸਟਮ ਨੂੰ ਸਹਿਯੋਗ ਦੇਵੇਗਾ। ਇਹ ਕੈਨੇਡਾ ਦੀਆਂ ਵਿਕਾਸਸ਼ੀਲ ਕੰਪਨੀਆਂ ਨੂੰ ਸਾਇਬਰਸਿਕਿਓਰਿਟੀ ਅਤੇ ਸੰਬਧਿਤ ਖੇਤਰਾਂ ਦੇ ਟੂਲਸ ਪ੍ਰਦਾਨ ਕਰੇਗਾ, ਜਿਹਨਾਂ ਦੀ ਉਹਨਾਂ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਤੌਰ ਤੇ ਵਿਕਸਿਤ ਅਤੇ ਸਫਲ ਹੋਣ ਲਈ ਲੋੜ ਹੈ।

ਰਾਇਰਸਨ ਵੱਲੋਂ ਸੰਚਾਲਿਤ ਬ੍ਰੈਂਪਟਨ ਇਨੋਵੇਸ਼ਨ ਜ਼ੋਨ (Brampton Innovation Zone) ਦਾ ਮਾੱਡਲ, ਰਾਇਰਸਨ ਯੂਨੀਵਰਸਿਟੀ ਦੇ ਦੁਨੀਆਭਰ ਵਿੱਚ ਪ੍ਰਸਿੱਧ ਜ਼ੋਨ ਨੈਟਵਰਕ (Zone network) ਤੇ ਅਧਾਰਿਤ ਹੈ ਅਤੇ ਇਸ ਨਾਲ ਜੁੜਿਆ ਹੋਇਆ ਹੈ। ਇਹ ਲੋਕਾਂ ਨੂੰ ਵਿਚਾਰ ਕਰਨ, ਪ੍ਰੋਜੈਕਟ ਸ਼ੁਰੂ ਕਰਨ ਲਈ ਇਕੱਠੇ ਲਿਆਉਣ ਅਤੇ ਸਟਾਰਟਅਪਸ ਨੂੰ ਸ਼ੁਰੂਆਤੀ-ਪੜਾਅ ਵਾਲੀਆਂ ਇਨਕਿਉਬੇਟੇਡ ਕੰਪਨੀਆਂ ਤੋਂ ਸਥਾਪਤ ਵਿਕਸਿਤ ਕਾਰੋਬਾਰਾਂ ਤੱਕ ਲਿਜਾਣ ਵਿੱਚ ਮਦਦ ਲਈ ਤਿਆਰ ਕੀਤਾ ਗਿਆ ਹੈ। ਇਹ ਡਾਉਨਟਾਉਨ ਬ੍ਰੈਂਪਟਨ ਵਿੱਚ 2020 ਵਿੱਚ ਖੁੱਲ੍ਹੇਗਾ।

**ਹਵਾਲੇ**

"ਸਿਟੀ ਨੇ ਪਹਿਲਾਂ ਆਰ.ਆਈ.ਸੀ. ਸੈਂਟਰ ਦੇ ਨਾਲ ਤੀਬਰ ਰੂਪ ਨਾਲ ਕੰਮ ਕੀਤਾ ਹੈ। ਸਿਟੀ ਦਾ ਉਹਨਾਂ ਨਾਲ ਲੰਮਾ ਸਕਾਰਾਤਮਕ ਰਿਸ਼ਤਾ ਹੈ। ਅਸੀਂ ਉਹਨਾਂ ਨਾਲ ਭਾਈਵਾਲੀ ਕਰਕੇ ਬੇਹੱਦ ਖੁਸ਼ ਹਾਂ ਕਿਉਂਕਿ ਅਸੀਂ ਆਪਣਾ ਇਨੋਵੇਸ਼ਨ ਈਕੋਸਿਸਟਮ ਵਿਕਸਿਤ ਕਰ ਰਹੇ ਹਾਂ। ਉਹਨਾਂ ਨਾਲ ਅਤੇ ਸਾਡੇ ਹੋਰ ਭਾਈਵਾਲਾਂ ਨਾਲ ਮਿਲ ਕੇ, ਅਸੀਂ ਠੋਸ ਇਨੋਵੇਸ਼ਨ ਡਿਸਟ੍ਰਿਕਟ ਦਾ ਨਿਰਮਾਣ ਕਰ ਰਹੇ ਹਾਂ, ਜਿਸ ਨਾਲ ਅਸੀਂ ਸਾਡੇ ਐਂਟਰਪ੍ਰੀਨੀਅਰਾਂ ਅਤੇ ਕਾਰੋਬਾਰੀਆਂ ਦੇ ਸਫ਼ਰ ਦੇ ਹਰੇਕ ਪੜਾਅ ਵਿੱਚ ਉਹਨਾਂ ਦੀ ਮਦਦ ਕਰ ਸਕਾਂਗੇ। ਇਹ ਭਾਈਵਾਲੀ, ਇਸ ਵਿੱਚ ਸ਼ਾਮਲ ਸਾਰੇ ਲੋਕਾਂ ਲਈ ਲਾਭਕਾਰੀ ਹੈ – ਖਾਸ ਕਰਕੇ ਸਾਡੇ ਐਂਟਰਪ੍ਰੀਨੀਰਅਰਾਂ ਅਤੇ ਕਾਰੋਬਾਰ ਮਾਲਕਾਂ ਲਈ। ਆਰ.ਆਈ.ਸੀ. ਸੈਂਟਰ ਵਿੱਚ ਸਭ ਦਾ ਸੁਆਗਤ ਹੈ!"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਆਰ.ਆਈ.ਸੀ. ਸੈਂਟਰ ਵਿੱਚ ਸਾਡਾ ਨਿਵੇਸ਼ ਮਹੱਤਵਪੂਰਣ ਹੈ ਕਿਉਂਕਿ ਅਸੀਂ ਮੌਕਿਆਂ ਦੇ ਸ਼ਹਿਰ ਦਾ ਨਿਰਮਾਣ ਕਰਨ, ਕਾਰੋਬਾਰੀਆਂ, ਐਂਟਰਪ੍ਰੀਨੀਰਅਰਾਂ ਨੂੰ ਆਕਰਸ਼ਿਤ ਕਰਨ ਅਤੇ ਬ੍ਰੈਂਪਟਨ ਵਿੱਚ ਨੌਕਰੀਆਂ ਪੈਦਾ ਕਰਨ ਲਈ ਸਾਡੀ ਟਰਮ ਆਫ ਕਾਉਂਸਿਲ ਪ੍ਰਾਇਰਟੀ ਨੂੰ ਅੱਗੇ ਵਧਾਉਣ ਲਈ ਕੰਮ ਕਰ ਰਹੇ ਹਾਂ।"

- *ਪਾੱਲ ਵਿਸੇਂਟ (Paul Vicente), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5; ਵਾਈਸ-ਚੇਅਰ, ਇਕੋਨੋਮਿਕ ਡੈਵਲੈਪਮੈਂਟ ਐਂਡ ਕਲਚਰ, ਸਿਟੀ ਆਫ ਬ੍ਰੈਂਪਟਨ*

"ਇਨੋਵੇਸ਼ਨ ਕੋਰੀਡੋਰ ਦੇ ਵਿਚਲੇ ਭਾਗ ਵਿੱਚ ਸਾਡੀ ਮੁੱਖ ਥਾਂ ਦੇ ਨਾਲ, ਬ੍ਰੈਂਪਟਨ ਇਨੋਵੇਸ਼ਨ ਵਿੱਚ ਗਲੋਬਲ ਲੀਡਰ ਬਣਨ ਦੇ ਟੀਚੇ ਨਾਲ ਆਪਣਾ ਇਨੋਵੇਸ਼ਨ ਈਕੋਸਿਸਟਮ ਵਿਕਸਿਤ ਕਰ ਰਿਹਾ ਹੈ। ਸਾਡਾ ਸਟਾਫ਼ ਭਾਈਵਾਲੀਆਂ ਬਣਾਉਣ ਅਤੇ ਬ੍ਰੈਂਪਟਨ ਨੂੰ ਐਂਟਰਪ੍ਰੀਨੀਅਰਾਂ ਅਤੇ ਕਾਰੋਬਾਰੀਆਂ ਲਈ ਸਰਬੋਤਮ ਥਾਂ ਬਣਾਉਣ ਲਈ ਹਰ ਜ਼ਰੂਰੀ ਸ਼ਰਤਾਂ ਲਾਗੂ ਕਰਨ ਲਈ ਵਚਨਬੱਧ ਹੈ।"

- *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫ਼ਸਰ, ਸਿਟੀ ਆਫ ਬ੍ਰੈਂਪਟਨ*

"ਅਸੀਂ ਬ੍ਰੈਂਪਟਨ ਵਿੱਚ ਜਾਣ ਤੇ ਬੇਹੱਦ ਖੁਸ਼ ਹਾਂ। ਅਸੀਂ ਪਿਛਲੇ ਕੁਝ ਸਾਲਾਂ ਵਿੱਚ ਉਹਨਾਂ ਨਾਲ ਕੰਮ ਕਰਕੇ ਬ੍ਰੈਂਪਟਨ ਨਾਲ ਸ਼ਾਨਦਾਰ ਰਿਸ਼ਤਾ ਬਣਾਇਆ ਹੈ। ਅਸੀਂ ਸਾਡੇ ਕਈ ਨਵੇਂ ਮੌਕਿਆਂ ਲਈ ਉਤਸ਼ਾਹਿਤ ਹਾਂ। ਅਸੀਂ ਆਪਣੀ ਨਵੀਂ ਥਾਂ ਤੇ ਸਥਾਪਤ ਹੋ ਗਏ ਹਾਂ। ਡਾਉਟਾਉਨ ਬ੍ਰੈਂਪਟਨ ਵਿੱਚ ਬਹੁਤ ਊਰਜਾ ਹੈ – ਜੋਸ਼ ਹੈ – ਅਤੇ ਅਸੀਂ ਇੱਥੇ ਵਧ-ਫੁੱਲ ਰਹੇ ਇਨੋਵੇਸ਼ਨ ਈਕੋਸਿਸਟਮ ਦਾ ਹਿੱਸਾ ਬਣਨ ਤੇ ਬਹੁਤ ਉਤਸ਼ਾਹਿਤ ਹਾਂ।"

- *ਪੈਮ ਬੈਂਕਸ (Pam Banks), ਐਗਜੀਕਿਉਟਿਵ ਡਾਇਰੈਕਟਰ, ਆਰ.ਆਈ.ਸੀ. ਸੈਂਟਰ*

"ਆਰ.ਆਈ.ਸੀ. ਸੈਂਟਰ ਦਾ ਇਨਕਿਉਬੇਟਰ ਪ੍ਰੋਗਰਾਮ, B2B ਕਾਰੋਬਾਰੀਆਂ ਦੇ ਨਾਲ-ਨਾਲ ਉਹਨਾਂ ਕਾਰੋਬਾਰੀਆਂ ਲਈ ਵੀ ਬਹੁਤ ਚੰਗੀ ਤਰ੍ਹਾਂ ਤਿਆਰ ਕੀਤਾ ਗਿਆ ਹੈ, ਜੋ ਕੇਵਲ ਸੌਫਟਵੇਅਰ ਲਈ ਨਹੀਂ ਹਨ ਅਤੇ ਜਿਹਨਾਂ ਕੋਲ ਵੱਧ ਗੁੰਝਲਦਾਰ ਉਤਪਾਦ ਹਨ, ਜਿਹਨਾਂ ਲਈ ਵੱਧ ਠੋਸ ਬਿਜਨਸ ਮਾੱਡਲ ਅਤੇ ਵਿਕਾਸ ਕਾਰਜਨੀਤੀ ਦੀ ਲੋੜ ਹੈ।"

- *ਹਾਮਿਦ ਅਲੀ ਮੁਹੰਮਦ (Hamid Alemohammad), ਏ.ਓ.ਐਮ.ਐਸ. ਕੋ-ਫਾਊਂਡਰ; ਪੂਰਵ ਆਰ.ਆਈ.ਸੀ. ਇਨਕਿਉਬੇਟਰ ਕਲਾਈਂਟ, ਜਿਹਨਾਂ ਨੇ 2 ਸਾਲਾਂ ਵਿੱਚ ਮਾਲੀ ਆਮਦਨ ਵਿੱਚ 300% ਤੱਕ ਦਾ ਵਾਧਾ ਦੇਖਿਆ।*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**

ਮੋਨਿਕਾ ਦੁੱਗਲ (Monika Duggal)

ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ

ਸਟ੍ਰੈਟਜਿਕ ਕਮਿਉਨਿਕੇਸ਼ਨ

ਸਿਟੀ ਆਫ ਬ੍ਰੈਂਪਟਨ

905-874-3426 | Monika.Duggal@brampton.ca